# ਜਮਾਤ-ਬਾਰ੍ਹਵੀਂ
# ਪੰਜਾਬੀ ਚੋਣਵੀਂ

ਸਮਾਂ: 3 ਘੰਟੇ

ਲਿਖਤੀ ਪੇਪਰ= 80 ਅੰਕ
ਅਾਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

# ਪਾਠ-ਕ੍ਰਮ ਅਤੇ ਅੰਕ-ਵੰਡ

| ਲੜੀ ਨੰ. | ਪਾਠ-ਕ੍ਰਮ | ਅੰਕ |
|---|---|---|
| 1. | **ਸੁੰਦਰ ਲਿਖਾਈ** | 05 |
| 2. | **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):** ਸੂਫ਼ੀ-ਕਾਵਿ,ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ | 31 |
| 3. | **ਆਪ-ਬੀਤੀਆਂ:** ਪੰਜਾਬੀ ਸਵੈ-ਜੀਵਨੀਆਂ ਵਿੱਚੋਂ ਲਏ ਅੰਸ਼ | 18 |
| 4. | **ਸਾਹਿਤ-ਬੋਧ (ਸਾਹਿਤ ਰੂਪ):** ਕਵਿਤਾ,ਨਿਬੰਧ,ਨਾਵਲ,ਨਿੱਕੀ ਕਹਾਣੀ,ਜੀਵਨੀ,ਸਵੈ-ਜੀਵਨੀ,ਸਫ਼ਰਨਾਮਾ,ਇਕਾਂਗੀ,ਨਾਟਕ | 11 |
| 5. | **ਸਾਹਿਤ-ਬੋਧ :ਛੰਦ,ਅਲੰਕਾਰ,ਰਸ** | 15 |
| | ਕੁੱਲ ਅੰਕ | 80 |

# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ) =80

ਨੋਟ: **5 ਅੰਕ ਸੁੰਦਰ ਲਿਖਾਈ** ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ , ਸ਼ਬਦ-ਜੋੜ ਸ਼ੁੱਧਤਾ,ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(1) ਪ੍ਰਸ਼ਨ-ਪੱਤਰ ਦੇ ਕੁੱਲ 10 ਪ੍ਰਸ਼ਨ ਹੋਣਗੇ।

(2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

# ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ

ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

**ਪ੍ਰਸ਼ਨ ਨੰ: 1** ਸਮੁੱਚੇ ਪਾਠ-ਕ੍ਰਮ ਦੇ ਆਧਾਰ 'ਤੇ ਸੰਖੇਪ ਉੱਤਰਾਂ ਵਾਲ਼ੇ ਦਸ ਪ੍ਰਸ਼ਨ ਪੁੱਛੇ ਜਾਣਗੇ।ਹਰੇਕ ਪ੍ਰਸ਼ਨ 1 ਅੰਕ ਦਾ ਹੋਵੇਗਾ।ਇਹ ਪ੍ਰਸ਼ਨ ਗ਼ਲਤ/ਠੀਕ,ਬਹੁਚੋਣ,ਖ਼ਾਲੀ ਥਾਂਵਾਂ,ਇੱਕ-ਦੋ ਸ਼ਬਦਾਂ ਦੇ ਉੱਤਰ ਦੇਣ ਵਾਲ਼ੇ ਹੋਣਗੇ।

**ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ:**

**(ੳ)** **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):-** 4 ਅੰਕ

ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ ਵਿੱਚੋਂ 1-1 ਪ੍ਰਸ਼ਨ ਪੁੱਛਿਆ ਜਾਵੇਗਾ।ਇਹ ਪ੍ਰਸ਼ਨ ਰਚਨਾ ਦੇ ਕਵੀ/ਕਵੀ ਦੀ ਰਚਨਾ ਅਤੇ ਪਾਠ-ਪੁਸਤਕ ਵਿੱਚ ਦਿੱਤੀ ਪਾਠ-ਸਮੱਗਰੀ 'ਤੇ ਆਧਾਰਿਤ ਹੋਣਗੇ।

**(ਅ)** **ਆਪ-ਬੀਤੀਆਂ:-** 2 ਅੰਕ

ਇੱਕ ਪ੍ਰਸ਼ਨ ਸਵੈ-ਜੀਵਨੀ ਅੰਸ਼ ਦੇ ਲੇਖਕ ਸੰਬੰਧੀ/ਲੇਖਕ ਦੇ ਸਵੈ-ਜੀਵਨੀ ਅੰਸ਼ ਸੰਬੰਧੀ ਅਤੇ ਦੂਜਾ ਪ੍ਰਸ਼ਨ ਪਾਠ-ਪੁਸਤਕ ਵਿੱਚ ਨਿਰਧਾਰਿਤ ਪਾਠ-ਸਮੱਗਰੀ 'ਤੇ ਆਧਾਰਿਤ ਹੋਵੇਗਾ।

Scanned with CamScanner

**(ੲ)** **ਸਾਹਿਤ-ਬੋਧ:-** 4 ਅੰਕ

ਇੱਕ-ਇੱਕ ਪ੍ਰਸ਼ਨ ਕ੍ਰਮਵਾਰ ਸਾਹਿਤ-ਰੂਪ, ਅਲੰਕਾਰ , ਛੰਦ ਅਤੇ ਰਸ ਨਾਲ ਸੰਬੰਧਿਤ ਹੋਵੇਗਾ।

4+2+4= 10 ਅੰਕ

**ਪ੍ਰਸ਼ਨ ਨੰ: 2 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ, ਗੁਰਮਤਿ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਵਿੱਚੋਂ ਚਾਰ ਕਾਵਿ-ਅੰਸ਼ਾਂ/ਕਾਵਿ-ਸਤਰਾਂ ਵਾਲ਼ੇ ਬੰਦ ਦੇ ਕੇ ਕਿਸੇ **ਦੋ ਦੀ ਪ੍ਰਸੰਗ ਸਹਿਤ ਵਿਆਖਿਆ** ਕਰਨ ਲਈ ਕਿਹਾ ਜਾਵੇਗਾ।ਹਰੇਕ ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3 ਅੰਕ ਹੋਣਗੇ। 5+5=10 ਅੰਕ

**ਪ੍ਰਸ਼ਨ ਨੰ:3 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਵਿੱਚੋਂ ਇੱਕ ਕਾਵਿ-ਅੰਸ਼/ਕਾਵਿ-ਸਤਰਾਂ ਵਾਲ਼ਾ ਬੰਦ ਦੇ ਕੇ ਉਸ ਨਾਲ਼ ਸੰਬੰਧਿਤ **3 ਅਤਿ-ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ** ਪੁੱਛੇ ਜਾਣਗੇ।ਇਸ ਵਿੱਚੋਂ ਇੱਕ ਪ੍ਰਸ਼ਨ ਉਸ ਕਾਵਿ-ਅੰਸ਼ ਦੇ ਕਵੀ ਦਾ ਨਾਂ ਲਿਖਣ ਅਤੇ 2 ਪ੍ਰਸ਼ਨ ਉਸ ਕਾਵਿ-ਅੰਸ਼ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੋਣਗੇ।ਹਰੇਕ ਪ੍ਰਸ਼ਨ ਦਾ ਉੱਤਰ 2 ਅੰਕਾਂ ਦਾ ਹੋਵੇਗਾ। 2+2+2=6 ਅੰਕ

**ਪ੍ਰਸ਼ਨ ਨੰ:4 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਭਾਗਾਂ ਵਿੱਚੋਂ ਕੋਈ ਤਿੰਨ ਰਚਨਾਵਾਂ ਦੇ ਨਾਂ ਦੇ ਕੇ ਕਿਸੇ **ਇੱਕ ਦਾ ਕੇਂਦਰੀ ਭਾਵ** ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:5 ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਸੂਫ਼ੀ-ਕਾਵਿ,ਗੁਰਮਤਿ-ਕਾਵਿ,ਕਿੱਸਾ-ਕਾਵਿ ਅਤੇ ਬੀਰ-ਕਾਵਿ ਭਾਗ ਨਾਲ਼ ਸੰਬੰਧਿਤ ਪਾਠਾਂ ਅਤੇ ਪਾਠ-ਅਭਿਆਸ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ **ਇੱਕ ਪ੍ਰਸ਼ਨ** ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ।

7 ਅੰਕ

**ਪ੍ਰਸ਼ਨ ਨੰ:6 ਆਪ-ਬੀਤੀਆਂ** ਪਾਠ-ਪੁਸਤਕ ਅਤੇ ਪਾਠ-ਅਭਿਆਸਾਂ ਉੱਤੇ ਆਧਾਰਿਤ ਛੋਟੇ ਉੱਤਰਾਂ ਵਾਲ਼ੇ ਅੱਠ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕੋਈ **ਚਾਰ ਪ੍ਰਸ਼ਨਾਂ** ਦੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 4*4=16 ਅੰਕ

**ਪ੍ਰਸ਼ਨ ਨੰ:7 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ **ਸਾਹਿਤ-ਰੂਪਾਂ** ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ 2 ਅੰਕ ਸੰਬੰਧਿਤ ਸਾਹਿਤ ਰੂਪ ਦੀ ਅਤਿ-ਸੰਖੇਪ ਢੰਗ ਨਾਲ **ਮੌਲਿਕ ਪਰਿਭਾਸ਼ਾ** (ਜੋ ਸੰਬੰਧਿਤ ਸਾਹਿਤ ਰੂਪ ਦੀ ਮੁੱਢਲੀ ਜਾਣਕਾਰੀ/ਜਾਣ-ਪਛਾਣ ਦੇਣ ਨਾਲ ਸੰਬੰਧਿਤ ਹੋਵੇਗੀ।) ਦੇਣ,6 ਅੰਕ ਉਸ ਦੇ **ਲੱਛਣ/ਵਿਸ਼ੇਸ਼ਤਾਈਆਂ/ਤੱਤਾਂ ਦੀ ਜਾਣਕਾਰੀ** ਦੇਣ ਅਤੇ 2 ਅੰਕ ਸੰਬੰਧਿਤ ਸਾਹਿਤ ਰੂਪ ਦੇ ਕੋਈ ਅਹਿਮ **2-2 ਪੰਜਾਬੀ ਲੇਖਕਾਂ/ਰਚਨਾਵਾਂ ਦੇ ਨਾਂ** ਲਿਖਣ ਦੇ ਹੋਣਗੇ।

2+6+2=10 ਅੰਕ

**ਪ੍ਰਸ਼ਨ ਨੰ:8 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਛੰਦਾਂ** ਬਾਰੇ ਪੁੱਛ ਕੇ ਕਿਸੇ **ਇੱਕ ਛੰਦ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:9 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਅਲੰਕਾਰਾਂ** ਬਾਰੇ ਪੁੱਛ ਕੇ ਕਿਸੇ **ਇੱਕ ਅਲੰਕਾਰ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

**ਪ੍ਰਸ਼ਨ ਨੰ:10 ਸਾਹਿਤ-ਬੋਧ** ਪਾਠ-ਪੁਸਤਕ ਵਿੱਚੋਂ ਦੋ **ਰਸਾਂ** ਬਾਰੇ ਪੁੱਛ ਕੇ ਕਿਸੇ **ਇੱਕ ਰਸ** ਬਾਰੇ ਉਦਾਹਰਨਾਂ ਸਹਿਤ ਲਿਖਣ ਲਈ ਕਿਹਾ ਜਾਵੇਗਾ। 4 ਅੰਕ

Scanned with CamScanner

# ਆਂਤਰਿਕ ਮੁਲਾਂਕਣ: 20 ਅੰਕ

**ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>**ਆਪ-ਬੀਤੀਆਂ** ਪੁਸਤਕ ਵਿੱਚੋਂ ਵੱਖ-ਵੱਖ ਸਵੈ-ਜੀਵਨੀ ਅੰਸ਼ਾਂ ਦੀ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮੱਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | **10 ਅੰਕ(2+4+4)**<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 ਅੰਕ |
| 3. | **ਭਾਸ਼ਾਈ ਸਮਰਥਾ** (ਸਰਵਣ/ਸੁਣਨ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 02 |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>**ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)** ਦੇ ਕਾਵਿ-ਅੰਸ਼ਾਂ ਦੇ ਆਧਾਰ 'ਤੇ ਮੁਲਾਂਕਣ ਕੀਤਾ ਜਾਵੇਗਾ। | 03 |
| 5. | **ਪੁਸਤਕ ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | ਕੁੱਲ ਅੰਕ | 20 |

**ਪੰਜਾਬ ਸਕੂਲ ਸਿੱਖਿਆ ਬੋਰਡ**

**ਵਿਸ਼ਾ: ਅਕਾਦਮਿਕ ਸਾਲ 2020–21 ਲਈ 9ਵੀਂ ਤੋ 12ਵੀਂ ਸ਼੍ਰੇਣੀ ਲਈ Revised ਸਿਲੇਬਸ।**

ਵਿਸ਼ਵ ਭਰ ਵਿੱਚ Covid-19 ਮਹਾਂਮਾਰੀ ਦੇ ਮੱਦੇ ਨਜ਼ਰ ਸਕੂਲ ਬੰਦ ਹੋਣ ਕਾਰਨ ਵੱਖ-ਵੱਖ ਸ਼੍ਰੇਣੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇਸ ਕਰਕੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋ ਅਕਾਦਮਿਕ ਸਾਲ 2020–21 ਲਈ 9ਵੀਂ ਤੋ 12ਵੀਂ ਸ਼੍ਰੇਣੀਆਂ ਦੇ ਪਾਠਕ੍ਰਮ ਨੂੰ ਘਟਾਉਣ ਦਾ ਫੈਸਲਾ ਲਿਆ ਗਿਆ ਹੈ। ਸਿੱਖਣ ਪੱਧਰ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਿਲੇਬਸ ਇਸ ਢੰਗ ਨਾਲ ਘਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਸ਼ੇ ਦੇ ਮੂਲ ਸੰਕਲਪ ਨੂੰ ਹਾਨੀ ਨਾ ਪਹੁੰਚੇ।

ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋ ਇਸ ਗੱਲ ਦਾ ਖਾਸ ਧਿਆਨ ਰੱਖਿਆ ਜਾਵੇ ਕਿ ਦੂਜੇ Topics ਨਾਲ ਰਾਬਤਾ ਰੱਖਣ ਲਈ ਲੋੜ ਅਨੁਸਾਰ ਵਿਦਿਆਰਥੀਆਂ ਨੂੰ ਘਟਾਏ ਗਏ Topics ਨੂੰ ਵੀ ਪੜ੍ਹਾਇਆ ਜਾਣਾ ਉਚਿਤ ਹੋਵੇਗਾ, ਬੇਸ਼ੱਕ ਇਹ Topics ਆਂਤਰਿਕ ਮੁਲਾਂਕਣ ਅਤੇ ਸਾਲਾਨਾ ਇਮਤਿਹਾਨਾਂ ਦਾ ਹਿੱਸਾ ਨਹੀਂ ਹੋਣਗੇ।

ਘਟਾਏ ਗਏ ਸਲੇਬਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

Scanned with CamScanner

# 12ਵੀਂ ਸ਼੍ਰੇਣੀ
# ਪੰਜਾਬੀ ਚੋਣਵੀਂ

| ਲੜੀ ਨੰ. | ਪਾਠ-ਕ੍ਰਮ ਵਿੱਚੋਂ ਡਿਲੀਟ (ਮਨਫ਼ੀ ) ਕੀਤੇ ਵਿਸ਼ੇ |
|---|---|
| 1. | **ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ):** ਪੰਜਾਬੀ ਸੂਫ਼ੀ-ਕਾਵਿ (ਹਾਸ਼ਮ ਸ਼ਾਹ,ਖ਼ਵਾਜ਼ਾ ਗ਼ੁਲਾਮ ਫ਼ਰੀਦ,ਗੁਰਮਤਿ-ਕਾਵਿ (ਗੁਰੂ ਅਮਰਦਾਸ ਜੀ,ਭਾਈ ਗੁਰਦਾਸ ਜੀ), ਕਿੱਸਾ-ਕਾਵਿ (ਹਾਫ਼ਿਜ਼ ਬਰਖ਼ੁਰਦਾਰ,ਬੀਰ-ਕਾਵਿ (ਨਜਾਬਤ), ਮੱਧ-ਕਾਲੀਨ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਦਰਜ ਵੱਖ-ਵੱਖ ਕਾਵਿ-ਧਾਰਾਂਵਾਂ ਦੇ ਕਵੀਆਂ ਦਾ ਜੀਵਨ ਤੇ ਰਚਨਾ। |
| 2. | **ਆਪ-ਬੀਤੀਆਂ:** ਪੰਜਾਬੀ ਸਵੈ-ਜੀਵਨੀਆਂ ਵਿੱਚੋਂ ਲਏ ਅੰਸ਼ (ਮੇਰੇ ਬੱਚੇ ਮੇਰਾ ਮੁਹਾਂਦਰਾ,ਮੈਂ ਤੇ ਮੇਰੇ ਦਾਰ ਜੀ,ਮੇਰਾ ਨਾਮਕਰਨ,ਮੇਰੀਆਂ ਧੀਆਂ-ਮੇਰੇ ਖੰਭ) |
| 3. | **ਸਾਹਿਤ-ਬੋਧ (ਸਾਹਿਤ ਰੂਪ):** ਜੀਵਨੀ,ਇਕਾਂਗੀ,ਨਾਵਲ |
| 4. | **ਸਾਹਿਤ-ਬੋਧ :ਛੰਦ (ਚੌਪਈ,ਦਵਈਆ),ਅਲੰਕਾਰ (ਰੂਪਕ,ਦ੍ਰਿਸ਼ਟਾਂਤ ਅਲੰਕਾਰ),ਰਸ (ਬੀਭਤਸ ਰਸ,ਅਦਭੁਤ ਰਸ,ਰੌਂਦਰ ਰਸ)** |

**ਨਿਰਧਾਰਿਤ ਪਾਠ-ਪੁਸਤਕਾਂ:**

**1. ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)**
**2. ਆਪ-ਬੀਤੀਆਂ**
**3. ਸਾਹਿਤ-ਬੋਧ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

Scanned with CamScanner